**ਦਫਤਰ ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ -ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ**

**ਸਮੱਗਰ ਸਿੱਖਿਆ ਅਭਿਆਨ (ਪੰਜਾਬ)**

**ਪੰਜਵੀਂ ਮੰਜ਼ਿਲ, ਈ.ਬਲਾਕ, ਸਿੱਖਿਆ ਭਵਨ, ਫੇਜ਼-8, ਸਅਸ ਨਗਰ, ਪੰਜਾਬ-160062**

---

ਵੱਲ

**ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)**

**ਪੰਜਾਬ ।**

ਮੀਮੋ ਨੰ: 2026/ਐਨ.ਐਸ.ਕਿਉ.ਐਫ (Sll.) ੭੫੨੧੨੫ ਮਿਤੀ: 14/1/2026

**ਵਿਸ਼ਾ: ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਵੋਕੇਸ਼ਨਲ ਟ੍ਰੇਨਰ ਦੀਆਂ ਖਾਲੀ ਅਸਾਮੀਆਂ ਤੇ ਨੌਕਰੀਆਂ ਦਵਾਉਣ ਸਬੰਧੀ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੇ ਜਾਲ੍ਹੀ (Fake) ਇਸ਼ਤਿਹਾਰਾਂ ਅਤੇ ਲਿਸਟਾਂ ਤੋਂ ਸੁਚੇਤ ਰਹਿਣ ਸਬੰਧੀ।**

1.0 ਉਪਰੋਕਤ ਵਿਸ਼ੇ ਸਬੰਧੀ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਵਿਭਾਗ ਜਾਂ ਕੰਪਨੀਆਂ ਦੇ ਨਾਮ 'ਤੇ ਸੋਸ਼ਲ ਮੀਡੀਆ/ਵਟਸਐਪ ਆਦਿ ਰਾਹੀਂ ਵੋਕੇਸ਼ਨਲ ਟ੍ਰੇਨਰ ਦੀ ਨੌਕਰੀ ਦਵਾਉਣ ਸਬੰਧੀ ਕੁੱਝ Fake ਇਸ਼ਤਿਹਾਰ ਅਤੇ ਸਕੂਲਾਂ ਦੀਆਂ ਸੂਚੀਆਂ ਵਾਇਰਲ ਕੀਤੀਆਂ ਜਾ ਰਹੀਆਂ ਹਨ।

2.0 ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਉਕਤ ਇਸ਼ਤਿਹਾਰ ਅਤੇ ਲਿਸਟਾਂ ਜਾਲ੍ਹੀ (Fake) ਹਨ ਅਤੇ ਵਿਭਾਗ ਜਾਂ ਆਊਟ ਸੋਰਸ ਏਜੰਸੀਆਂ ਵੱਲੋਂ ਜਾਰੀ ਨਹੀਂ ਕੀਤੀਆਂ ਗਈਆਂ ਹਨ। ਇਸ ਲਈ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ), ਜਨਤਾ ਅਤੇ ਸਬੰਧਤਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਨ੍ਹਾਂ ਇਸ਼ਤਿਹਾਰਾਂ ਅਤੇ ਲਿਸਟਾਂ 'ਤੇ ਵਿਸ਼ਵਾਸ ਨਾ ਕੀਤਾ ਜਾਵੇ ਅਤੇ ਨਾ ਹੀ ਇਨ੍ਹਾਂ ਨੂੰ ਅੱਗੇ ਸ਼ੇਅਰ ਜਾਂ ਪ੍ਰਸਾਰਿਤ ਕੀਤਾ ਜਾਵੇ।

3.0 ਆਪ ਸਭ ਨੂੰ ਇਹ ਵੀ ਸੁਚੇਤ ਕੀਤਾ ਜਾਦਾ ਹੈ ਕਿ ਅਜਿਹੇ ਇਸ਼ਤਿਹਾਰਾਂ ਦੇ ਅਧਾਰ ਤੇ ਕਿਸੇ ਵੀ ਵਿਅਕਤੀ ਤੇ ਵਿਸ਼ਵਾਸ ਨਾ ਕੀਤਾ ਜਾਵੇ, ਜੋ ਤੁਹਾਨੂੰ ਨੌਕਰੀ ਦਵਾਉਣ ਦਾ ਝਾਂਸਾ ਦੇ ਰਿਹਾ ਹੋਵੇ। ਸਗੋਂ ਅਜਿਹੇ ਵਿਅਕਤੀਆਂ ਦੀ ਪੁਖਤਾ ਜਾਣਕਾਰੀ ਵਿਭਾਗ ਨਾਲ ਸ਼ੇਅਰ ਕੀਤੀ ਜਾਵੇ।

4.0 ਉੱਪਰ ਦੱਸੇ ਅਨੁਸਾਰ ਇੱਕ ਜਾਲ੍ਹੀ ਇਸ਼ਤਿਹਾਰ ਅਤੇ ਲਿਸਟ ਦੀ ਕਾਪੀ ਨਾਲ ਨੱਥੀ ਹੈ। ਇਹ ਸੂਚਨਾ ਸਮੂਹ ਜਨਤਾ ਨੂੰ ਸੁਚੇਤ ਕਰਨ ਲਈ ਜਾਰੀ ਕੀਤੀ ਗਈ ਹੈ।

**ਨੱਥੀਃ-**

1. ਜਾਲ੍ਹੀ ਇਸ਼ਤਿਹਾਰ ਦੀ ਕਾਪੀ
2. ਸਕੂਲਾਂ ਦੀ ਜਾਲ੍ਹੀ ਸੂਚੀ

14/1/26

**ਸਹਾਇਕ ਡਾਇਰੈਕਟਰ (NSQF)**

Scanned with OKEN Scanner